# ਬਾਲ ਮਾਨਸਿਕਤਾ ਤੇ ਬਾਲ ਸਾਹਿਤ ਤੇ ਪ੍ਰੌੜ ਪਾਠਕ ਨਾ ਬਣ ਸਕਣ ਦੇ ਕਾਰਨ

ਲੋਕ ਲਹਿਰਾਂ ਹੀ ਚੰਗਾ ਸਾਹਿਤ ਸਿਰਜਦੀਆਂ ਹਨ ਜਿਵੇਂ ਕਿ 1967-71 ਦੀ ਜੁਝਾਰਵਾਦੀ ਖੱਬੇਪੱਖੀ ਲਹਿਰ ਨੇ ਸੰਤ ਰਾਮ ਉਦਾਸੀ, ਵਰਿਆਮ ਸੰਧੂ, ਪਾਸ਼, ਲਾਲ ਸਿੰਘ ਦਿਲ ਤੇ ਗੁਰਸ਼ਰਨ ਭਾਅ ਜੀ ਵਰਗੇ ਸੁਹਿਰਦ ਸਾਹਿਤਕਾਰ ਦਿੱਤੇ। ਫਿਰ 1978 ਤੋਂ ਲੈ ਕੇ 1995 ਤੱਕ ਚੱਲੀ ਕਾਲੀ ਹਨ੍ਹੇਰੀ ਨੇ ਅਜਿਹਾ ਕੋਈ ਸਾਹਿਤਕਾਰ ਨਹੀਂ ਦਿੱਤਾ ਕਿਉਂਕਿ ਇਸ ਲਹਿਰ ਦਾ ਸਿਧਾਂਤ ਸਿੱਖ ਸਿਧਾਂਤ ਕਿਰਤ ਕਰੋ-ਵੰਡ ਛਕੋ- ਸੱਭੇ ਸਾਂਝੀਵਾਲ ਸਦਾਇਨ ਕੋਇ ਨਾ ਦਿਸੇ ਬਾਹਰਾ ਜੀਓ ਤੋਂ ਬਹੁਤ ਦੂਰ ਸੀ। ਇਹ ਦੌਰ ਬਰਾਬਰੀ ਦਾ ਸਮਾਜ ਸਿਰਜਣ ਦੀ ਥਾਂ 1947 ਵਾਂਗ ਦੂਸਰੇ ਧਰਮ ਦੇ ਲੋਕਾਂ ਨੂੰ ਤਾਸ਼ 'ਚੋਂ ਕੱਢੇ ਜੋਕਰਾਂ ਵਾਂਗ ਕੱਢ ਕੇ ਪਾਸੇ ਰੱਖਣਾ ਚਾਹੁੰਦਾ ਸੀ। ਇਸ ਦੀ ਆੜ 'ਚ ਉਹ ਆਗੂ ਫਿਰ ਫ਼ਖਰੇ ਕੌਮ ਬਣ ਬੈਠੇ ਜਿਨ੍ਹਾਂ ਦੇ ਵੱਡ ਵਡੇਰਿਆਂ ਨੇ ਜੈਤੋ ਦੇ ਮੋਰਚੇ ਸਮੇਂ ਪਾਣੀ ਦੇ ਸ੍ਰੋਤਾਂ (ਖੂਹਾਂ ਕੱਸੀਆਂ) ਵਿਚ ਜ਼ਹਿਰਾਂ ਘੋਲੀਆਂ ਸਨ। ਜਿਨ੍ਹਾਂ ਨੇ 1919 ਦੇ ਜਲਿਆਂਵਾਲੇ ਬਾਗ ਦੇ ਕਾਤਲ ਨੂੰ ਅਰੂੜ ਸਿੰਘ ਨੇ ਸਿਰੋਪਾ ਬਖਸ਼ਿਆ ਸੀ ਤੇ ਉਸਦਾ ਦੋਹਤਰਾ ਭਗਤ ਸਿੰਘ ਨੂੰ ਸ਼ਹੀਦ ਮੰਨਣ ਤੋਂ ਇਨਕਾਰੀ ਹੈ। ਇਸ ਤੋਂ ਅਗਲਾ ਕਾਂਡ ਕਿ ਜਿਸ ਦਿਨ ਜਨਰਲ ਡਾਇਰ ਨੇ ਅੰਮ੍ਰਿਤਸਰ ਵਿਖੇ ਗੋਲੀ ਚਲਾਈ ਉਸ ਦਿਨ ਉਸਨੇ ਮਜੀਠੀਆ ਪਰਿਵਾਰ ਦੇ ਘਰ ਰੋਟੀ ਖਾਧੀ। ਇਹ ਠੀਕ ਐ ਕਿ ਊਧਮ ਸਿੰਘ ਨੇ 21 ਸਾਲਾਂ ਬਾਅਦ ਉਸਦਾ ਬਦਲਾ ਲਿਆ ਪਰ ਇਨ੍ਹਾਂ ਦੇਸੀ ਕਾਤਲਾਂ ਨੂੰ ਅਸੀਂ ਵਰਤਮਾਨ ਸਮੇਂ ਤੱਕ ਰਾਜ ਕਾਇਮ ਕਰਨ ਲਈ ਜਿਊਂਦੇ ਰੱਖਿਆ। ਉਸੇ ਨਲਾਇਕੀ ਦਾ ਖਮਿਆਜਾ ਇਸ ਪਰਿਵਾਰ ਦੀ ਅਗਲੀ ਪੀੜ੍ਹੀ ਨਾਲ ਜੁੜੇ ਚਿੱਟੇ ਨਸ਼ੇ ਦੇ ਰੂਪ ਵਿਚ ਭੁਗਤ ਰਹੇ ਹਾਂ। ਅੱਜ ਦੇ ਪੜ੍ਹੇ-ਲਿਖੇ ਵਿਦਿਆਰਥੀ ਨੂੰ ਇਹਨਾਂ ਬਾਰੇ ਗਿਆਨ ਹੋਣਾ ਤਾਂ ਇਕ ਪਾਸੇ ਉਹਨਾਂ ਨੂੰ ਤਾਂ ਗੁਰੂ ਸਾਹਿਬ ਦੇ ਪੰਜ ਪਿਆਰਿਆਂ ਦੇ ਨਾਮ, ਖ਼ਾਲਸਾ ਪੰਥ ਦੀ ਸਾਜਣਾ ਕਦੋਂ ਹੋਈ, ਗੁਰੂ ਤੇਗ਼ ਬਹਾਦਰ ਜੀ ਨੇ ਸ਼ਹਾਦਤ ਕਦੋਂ ਦਿੱਤੀ ਇਹ ਵੀ ਬਹੁਗਿਣਤੀ ਵਿਦਿਆਰਥੀਆਂ ਨੂੰ ਪਤਾ ਨਹੀਂ ਜੋ ਕਿ ਵਿਰਾਸਤ ਪ੍ਰਤੀ ਇਤਿਹਾਸ ਪ੍ਰਤੀ ਉਹਨਾਂ ਦੀ ਨਲਾਇਕੀ ਦੀ ਇੰਤਹਾ ਹੈ। ਇਹ ਸਭ ਕਿਉਂ ਹੋਇਆ? ਕਿਉਂਕਿ ਖਾੜਕੂਆਂ ਦੇ ਕੋਡ ਆਫ਼ ਕੰਡਕਟ ਵਿਚ ਵਿਦਿਆਰਥੀ ਲਗਾਤਾਰ ਕਈ ਸਾਲ ਨਿਗਰਾਨ ਸਟਾਫ਼ ਮੂਹਰੇ ਚਾਕੂ ਜਾਂ ਰਿਵਾਲਵਰ ਰੱਖ ਕੇ ਨਕਲਾਂ ਮਾਰ ਕੇ ਪਾਸ ਹੁੰਦੇ ਰਹੇ। ਉਹਨਾਂ ਪੱਲੇ ਗਿਆਨ ਨਹੀਂ ਤੇ ਅੱਜ ਉਹਨਾਂ ਦੀ ਉਮਰ ਅੱਧੀ ਸਦੀ ਨੂੰ ਢੁੱਕਣ ਵਾਲੀ ਹੈ। ਇਸ ਦੌਰਾਨ ਕਦੇ +2 ਦਾ ਬੋਰਡ ਤੋੜ ਦਿੱਤਾ, ਕਦੇ ਅੱਠਵੀਂ ਦਾ ਬਣਾ ਦਿੱਤਾ। ਕਦੇ ਇਹ ਤੋੜ ਕੇ ਨੌਂਵੀਂ ਦਾ ਬਣਾ ਦਿੱਤਾ ਫੇਰ ਤੋੜ ਦਿੱਤਾ।ਐਨੇ ਤਜ਼ਰਬੇ ਤਾਂ ਕਿਸੇ ਦਵਾਈ ਦੀ ਖੋਜ ਕਰਨ ਵਾਲੇ ਵਿਗਿਆਨੀਆਂ ਨੇ ਡੱਡੂਆਂ ਜਾਂ ਖਰਗੋਸ਼ਾਂ ਤੇ ਵੀ ਨਹੀਂ ਕੀਤੇ ਹੋਣੇ ਜਿੰਨੇ ਸਿੱਖਿਆ ਤੇ ਕੀਤੇ ਹਨ।

ਬਰਾਬਰੀ ਦਾ ਸਮਾਜ ਸਿਰਜਣ ਵਾਲੇ ਸਾਹਿਤ ਦਾ ਐਨਾ ਨੁਕਸਾਨ ਤਾਂ ਹਿਟਲਰ ਤੇ ਗੈਸੋਲਿਨੀ ਵਰਗੇ ਵੀ ਨਹੀਂ ਕਰ ਸਕੇ ਹੋਣੇ ਜਿੰਨਾ ਸਾਡੇ ਹੁਕਮਰਾਨਾਂ ਨੇ ਕੀਤਾ ਹੈ। ਜਿਸ ਪਾਸੇ ਵੱਲ 1992-93 ਤੋਂ ਲੈ ਕੇ ਸੰਗੀਤ ਨੂੰ ਸੁਣਨ ਦੀ ਥਾਂ ਦੇਖਣ ਵਾਲੀ ਚੀਜ਼ ਬਣਾ ਕੇ ਨੌਜਵਾਨੀ ਦਾ ਕੀਤਾ ਹੈ ਉਸਨੇ ਸਮਾਜ ਵਿਚ ਲਿੰਗੀ ਅਪਰਾਧਾਂ ਵਿਚ ਵਾਧਾ ਕੀਤਾ ਹੈ। ਮਾਮਾ-ਭਾਣਜੀ ਨਾਲ, ਚਾਚਾ ਭਤੀਜੀ ਨਾਲ, 70 ਸਾਲ ਦਾ ਬਜ਼ੁਰਗ 8-10 ਸਾਲ ਦੀ ਬਾਲੜੀ ਨਾਲ ਖੇਹ ਖਾ ਰਿਹਾ ਹੈ। ਜੇ ਏਹੀ ਹਾਲ ਰਿਹਾ ਤਾਂ ਇਸ ਪੰਜਾਬ ਵਿਚ ਤੁਸੀਂ ਆਉਂਦੇ 10-15 ਸਾਲ ਵਿਚ ਸਮਲਿੰਗੀ ਵਿਆਹਾਂ ਦਾ ਰੁਝਾਨ ਵੀ ਦੇਖ ਲਵੋਗੇ। ਇਹ ਗੱਲ ਸਾਡੀ ਚਿੰਤਾ ਦਾ ਵਿਸ਼ਾ ਹੈ। ਬੇਸ਼ੱਕ ਅਸੀਂ ਹੇਠਲੀ ਉਤੇ ਆਉਂਦੀ ਦੇਖਣ ਵਾਲੇ ਸੁਭਾਗਸ਼ਾਲੀ ਨਹੀਂ ਬਣ ਸਕਾਂਗੇ ਪਰ ਅਸੀਂ ਸਾਹਿਤ ਰਾਹੀਂ ਕੂੜ ਦੀਆਂ ਚੱਲ ਰਹੀਆਂ ਹਨ੍ਹੇਰੀਆਂ ਵਿਚ ਹਰਫਾਂ ਦੇ ਦੀਪਕ ਬਾਲ ਕੇ ਦਵਿਆਣੇ ਵਰਗਾ ਝਲਕਾਰਾ ਦੇਣ ਦੀ ਕੋਸ਼ਿਸ਼ ਜ਼ਰੂਰ ਕਰਦੇ ਰਹਾਂਗੇ। ਏਹੀ ਸਾਹਿਤ ਦਾ ਧਰਮ ਹੈ।

ਚੰਗੇ ਸਾਹਿਤ ਦਾ ਇਹ ਦੁਖਾਂਤ ਵੀ ਹੈ ਕਿ ਜੇ ਮੇਲਾ ਗ਼ਦਰੀ ਬਾਬਿਆਂ ਦੇ ਮੇਲੇ ਵਿਚ 20-25 ਲੱਖ ਦਾ ਚੰਗਾ ਸਾਹਿਤ ਵਿਕ ਜਾਵੇ ਤਾਂ ਪੰਜਾਬ ਸਰਕਾਰ ਦੀ ਸੀ.ਆਈ.ਡੀ. ਨੂੰ ਫ਼ਿਕਰ ਪੈ ਜਾਂਦਾ ਹੈ। ਦੂਸਰੇ ਪਾਸੇ ਲੱਚਰ ਗਾਇਕਾਂ ਦੀਆਂ ਭਾਵੇਂ ਲੱਖਾਂ ਐਲਬਮਾਂ ਵਿਕ ਜਾਣ ਉਹਨਾਂ ਦੇ ਮਾੜੇ ਪ੍ਰਭਾਵ ਤੇ ਸਰਕਾਰ ਨੂੰ ਕੋਈ ਪੀੜ ਨਹੀਂ ਹੁੰਦੀ। ਦੂਸਰੇ ਪਾਸੇ ਹੁਕਮਰਾਨਾਂ ਨੂੰ ਐਨੀ ਵੀ ਅਕਲ ਨਹੀਂ ਹੈ ਕਿ ਪੰਜਾਬ ਇਕ ਸਰਹੱਦੀ ਸੂਬਾ ਹੈ। ਜੇ ਅਸੀਂ ਲੁਧਿਆਣਾ ਨੂੰ ਕੇਂਦਰ ਮੰਨ ਲਈਏ ਤਾਂ ਹੁਸੈਨੀਵਾਲਾ 125 ਕਿਲੋਮੀਟਰ, ਗੁਰਦਾਸਪੁਰ ਦੋ ਸੌ ਕਿਲੋਮੀਟਰ ਤੇ ਹੋਰ ਸਰਹੱਦਾਂ ਥੋੜ੍ਹੇ ਬਹੁਤੇ ਫਰਕ ਨਾਲ ਲੜਾਕੂ ਜਹਾਜ਼ਾਂ ਤੇ ਮਿਜਾਈਲਾਂ ਦੀ ਮਾਰ ਹੇਠ ਹਨ। ਇਸ ਭੂਗੋਲਿਕ ਸੱਚਾਈ ਦੀ ਬਦੌਲਤ ਪੰਜਾਬ ਦੀ ਜਵਾਨੀ, ਇੱਜ਼ਤ, ਅਣਖ ਵਾਲੀ ਚੰਗੀ ਡੀਲ ਡੌਲ ਵਾਲੀ ਤੇ ਹੁੰਦੜਹੇਲ ਤੇ ਯੁੱਧ ਕਲਾ ਦੀ ਮਾਹਿਰ ਚਾਹੀਦੀ ਹੈ। ਫਰਜ਼ ਕਰੋ ਜੇ ਕੋਈ ਪਾਕਿਸਤਾਨ ਵੱਲੋਂ ਹਮਲਾ ਹੁੰਦਾ ਹੈ ਤਾਂ ਕੀ ਸਾਡੇ ਪੰਜਾਬ ਦੀ ਅਨਪੜ੍ਹਤਾ ਵਰਗੀ ਵਾਸ਼ਨਾਵਾਂ 'ਚ ਗਰੱਸੀ ਨੌਜਵਾਨੀ ਪੰਜਾਬ ਦੀਆਂ ਅਸਮਤਾਂ ਦੀ, ਇੱਜ਼ਤ ਦੀ ਰਾਖੀ ਲਈ ਲੜ ਸਕੇਗੀ? ਟਾਕਰਾ ਕਰ ਸਕੇਗੀ ਜਾਂ ਭੇਡਾਂ ਦੇ ਇੱਜੜ ਵਾਂਗ ਹਮਲਾਵਰ ਦੀ ਫੌਜ ਅੱਗੇ ਨੀਵੀਂ ਪਾ ਕੇ ਤੁਰ ਪਵੇਗੀ।

ਦੂਜੇ ਪਾਸੇ ਰਾਜ ਸਭਾ ਦੇ ਮੈਂਬਰ ਬੈਂਕਾਂ ਦੇ ਕਰੋੜਾਂ-ਅਰਬਾਂ ਲੈ ਕੇ ਫ਼ੁਰਰ ਹੋ ਜਾਂਦੇ ਹਨ। ਉਹਨਾਂ ਲਈ ਕੋਈ ਇੰਟਰਪੋਲ ਨਹੀਂ ਹੈ। ਜਦਕਿ ਗਰੀਬ ਕਿਸਾਨ ਦੋ ਢਾਈ ਲੱਖ ਦੇ ਕਰਜ਼ਾਈ ਹੋ ਕੇ ਬੈਂਕਾਂ ਦੀ ਕੁਰਕੀ ਉਹਨਾਂ ਨੂੰ ਮੌਤ ਦੇ ਮੂੰਹ ਵੱਲ ਧੱਕ ਰਹੀ ਹੈ। ਸਾਡੇ ਦੇਸ਼ ਵਿਚ ਫੈਲਿਆ ਹੋਇਆ ਇਹ ਪੱਖਪਾਤੀ ਕਾਨੂੰਨ ਸਾਨੂੰ ਕੇਹੋ ਜਿਹੇ ਦਿਨਾਂ ਵੱਲ ਲਿਜਾ ਰਿਹਾ ਹੈ। ਖੁਦ ਪੀੜ੍ਹੀ ਥੱਲੇ ਸੋਟਾ ਫੇਰ ਕੇ ਦੇਖ ਲੈਣਾ।

ਲੋਕ ਪੱਖੀ ਸਾਹਿਤ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਉਹ ਅਜਿਹੀ ਲੋਕ-ਵਿਰੋਧੀ ਸਥਾਪਤੀ ਖਿਲਾਫ਼ ਕਦੇ ਵੀ ਕਰੰਘਜੀ ਪਾ ਕੇ ਨਹੀਂ ਤੁਰਦਾ। ਉਹ ਬਹੁਕੌਮੀ ਅਤੇ ਕਾਰਪੋਰੇਟ ਅਦਾਰਿਆਂ ਖਿਲਾਫ਼ ਆਪਣੀ ਸਿਰਜਣਾ ਦਾ ਪਰਚਮ ਲਹਿਰਾਏਗਾ। ਕਾਰਪੋਰੇਟ ਅਦਾਰਾ (ਅਮਰੀਕੀ ਨੀਤੀਆਂ ਦਾ) ਅਜਿਹਾ ਸ਼ੈਤਾਨ ਹੈ ਜੋ ਸਾਡੇ ਦੇਸ਼ 'ਚੋਂ ਆਪਣੇ ਮੋਹਰੇ ਲੱਭ ਕੇ ਆਪਣੀਆਂ ਨੀਤੀਆਂ ਲਾਗੂ ਕਰਵਾਉਂਦਾ ਹੈ। ਕਦੇ ਉਹ ਕਾਂਗਰਸ ਨੂੰ ਬਲ ਦੇ ਕੇ, ਕਦੇ ਉਹ ਭਾਜਪਾ ਨੂੰ ਤਾਕਤ ਦੇ ਕੇ ਆਪਣੇ ਪੱਖ 'ਚ ਖੜਾਉਂਦਾ ਹੈ। ਤੁਸੀਂ ਖੁਦ ਹੀ ਸੋਚੋ ਕਿ ਭਾਜਪਾ ਨੂੰ ਤਾਕਤ ਦੇਣ ਵਾਲਾ ਅੰਨਾ ਹਜ਼ਾਰੇ ਅੱਜ ਕਿੱਧਰ ਗਿਆ ਤੇ ਅਨਸਨ ਤੇ ਬੈਠਾ ਰਾਮਦੇਵ ਸਲਵਾਰ ਪਾ ਕੇ ਘੇਰੇ 'ਚੋਂ ਨਿਕਲਣ ਵਾਲਾ ਅੱਜ ਕਿੱਥੇ ਖੜ੍ਹਾ ਹੈ? ਅੱਜ ਲੋਕ ਦੋਹਾਂ ਧਿਰਾਂ ਤੋਂ ਅਵਾਜਾਰ ਹਨ ਤਾਂ ਮਨਪ੍ਰੀਤ ਨੇ ਪੀ.ਪੀ. ਬਣਾਈ, ਰਾਮੂੰਵਾਲੀਏ ਨੇ ਲੋਕ ਭਲਾਈ ਪਾਰਟੀ ਬਣਾਈ। ਪੀ.ਪੀ. ਦੀ ਪੀਪਣੀ ਬੋਲ ਗਈ ਹੈ ਤੇ ਰਾਮੂੰਵਾਲੀਏ ਨੇ ਪੰਜਾਬ ਤੋਂ ਭੱਜ ਕੇ ਯੂ.ਪੀ. 'ਚ ਜਾ ਸਿਰ ਕੱਢਿਆ ਹੈ। ਜਿੱਥੇ ਲਾਲੂ ਪ੍ਰਸ਼ਾਦ ਦਾ ਨੌਂਵੀਂ ਫੇਲ੍ਹ ਮੁੰਡਾ ਮੰਤਰੀ ਹੈ ਜਿਸਨੂੰ ਆਈ.ਪੀ.ਐਸ. ਤੇ ਆਈ.ਏ.ਐਸ. ਅਫ਼ਸਰ ਸਲੂਟ ਮਾਰਨ ਲਈ ਪਾਬੰਦ ਹਨ। ਇਸ ਤੋਂ ਵੱਧ ਉੱਚ ਸਿੱਖਿਆ ਦੀ ਬੇਕਦਰੀ ਕੀ ਹੋ ਸਕਦੀ ਹੈ। ਦੁਨੀਆਂ ਦੇ ਕਿਸੇ ਵੀ ਮੁਲਕ ਵਿਚ ਸਿੱਖਿਆ ਦਾ ਵਪਾਰੀਕਰਨ ਨਿੱਜੀ ਸਕੂਲ-ਕਾਲਜ ਨਹੀਂ ਹਨ। ਜਦੋਂ ਕਿਸੇ ਵੀ ਚੀਜ਼ (ਸਫਰ, ਗੀਤ-ਸੰਗੀਤ) ਦਾ ਵਪਾਰੀਕਰਨ ਹੁੰਦਾ ਹੈ ਤਾਂ ਉਹਨਾਂ ਵਿਚ ਉਹ ਉਤਮਤਾ ਕਾਇਮ ਨਹੀਂ ਰਹਿੰਦੀ।

ਅਜੋਕੇ ਸਮੇਂ 'ਚ ਝਾੜੂ ਵਾਲਿਆਂ ਨੂੰ ਵੀ ਕਾਰਪੋਰੇਟ ਅਦਾਰਿਆਂ ਨੇ ਖੜ੍ਹਾ ਕੀਤਾ ਹੈ। ਇਹਨਾਂ ਦੇ ਸੱਤ੍ਹਾ 'ਚ ਆਉਣ ਤੋਂ ਬਾਅਦ ਇਕ ਸਿਪਾਹੀ ਤੋਂ ਲੈ ਕੇ ਡੀ.ਸੀ., ਆਈ.ਜੀ., ਵੱਖ-ਵੱਖ ਸਕੱਤਰ, ਗਰੀਬੀ-ਅਮੀਰੀ ਦਾ ਪਾੜ੍ਹਾ, ਨਾ ਬਰਾਬਰੀ ਉਸੇ ਤਰ੍ਹਾਂ ਰਹੇਗੀ। ਇਹ ਕੁਝ ਨਹੀਂ ਕਰ ਸਕਣਗੇ। ਚਾਰ ਸੀਟਾਂ ਜਿੱਤ ਕੇ ਝਾੜੂ ਦੀਆਂ ਦੋ-ਦੋ ਤੀਲੀਆਂ ਹੋ ਗਈਆਂ ਹਨ। ਦੂਜੇ ਪਾਸੇ ਵੱਖ-ਵੱਖ ਰਾਜਸੀ ਪਾਰਟੀਆਂ 'ਚੋਂ ਭਗੌੜੇ ਹੋ ਕੇ ਆ ਰਹੇ ਆਗੂ ਵੀ ਕੱਲ੍ਹ ਨੂੰ ਝਾੜੂ ਦਾ ਤੀਲਾ-ਤੀਲਾ ਹੋ ਜਾਣਗੇ। ਫੇਰ ਕੂਚੀਆਂ ਵਾਲੇ ਤੇ ਫੇਰ ਪੋਚਿਆਂ ਵਾਲੇ ਆ ਜਾਣਗੇ। ਅਸੀਂ ਕਿੰਨਾ ਕੁ ਚਿਰ ਊਠ ਦੇ ਲਮਕਦੇ ਬੁੱਲ੍ਹ ਦੇ ਡਿੱਗਣ ਵਾਂਗ ਠੇਡੇ ਖਾਂਦੇ ਤੁਰਦੇ ਰਹਾਂਗੇ।

ਅਜਿਹੀਆਂ ਸਥਿਤੀਆਂ ਤੋਂ ਸਮਾਜ ਨੂੰ, ਮਨੁੱਖਤਾ ਨੂੰ ਬਚਾਉਣ ਲਈ ਇਕ ਬਾਲ ਤੋਂ ਲੈ ਕੇ ਅੱਠਵੀਂ-ਨੌਂਵੀਂ ਦੇ ਵਿਦਿਆਰਥੀ ਹੱਥ ਕਿਤਾਬ ਦੀ ਰੁਚੀ ਪੈਦਾ ਕਰਨ ਦੀ ਤੇ ਸਿੱਖਿਆ ਸੁਧਾਰਾਂ ਦੀ ਲੋੜ ਹੈ। ਪ੍ਰਦੇਸਾਂ ਵਿਚ ਮੁਸਾਫ਼ਰ ਸਫ਼ਰ ਕਰਦੇ ਸਮੇਂ ਅਖ਼ਬਾਰ, ਮੈਗਜ਼ੀਨ ਤੇ ਕਿਤਾਬਾਂ ਪੜ੍ਹਦੇ ਹਨ। ਇਸੇ ਕਰਕੇ ਉਹ ਕੌਮਾਂ ਸੂਝਵਾਨ ਤੇ ਵਿਦਵਾਨ ਹਨ। ਉਥੇ ਲਾਇਬ੍ਰੇਰੀਆਂ ਹਨ। ਆਪਣੇ ਪੰਜਾਬ ਜਾਂ ਭਾਰਤ ਵਿਚ ਸਫ਼ਰ ਕਰਦੇ ਸੇਮਂ ਕੋਈ ਇਕ ਅੱਖਰ ਵੀ ਨਹੀਂ ਪੜ੍ਹ ਸਕਦਾ ਕਿਉਂਕਿ ਸਿਆਸਤਦਾਨਾਂ ਦੀਆਂ ਬੱਸਾਂ 'ਚ ਚੱਲਦੀਆਂ ਵੀ.ਸੀ.ਡੀ. ਤੇ ਲੱਚਰ ਵਰਤਾਰਾ ਸਾਨੂੰ ਦੋ ਅੱਖਰ ਵੀ ਨਹੀਂ ਪੜ੍ਹਨ ਦੇ ਰਿਹਾ। ਘਰੇ ਆਈਏ ਤਾਂ ਬੱਚਿਆਂ ਨੂੰ ਕੰਪਿਊਟਰ ਗੇਮਾਂ, ਸ਼ਕਤੀਮਾਨ ਜਾਂ ਜੈਕ ਐਂਡ ਜੈਰੀ ਕਾਰਟੂਨ ਦੇਖਣ ਤੋਂ ਹੀ ਵਿਹਲ ਨਹੀਂ। ਉਹ ਕਿਤਾਬਾਂ ਕਦੋਂ ਫੜਨਗੇ। ਉਹ ਉਸ ਸਮੇਂ ਹੀ ਫੜਨਗੇ ਜਦ ਮਾਂ-ਬਾਪ ਬੱਚਿਆਂ ਨੂੰ ਕਿਤਾਬਾਂ ਪ੍ਰਤੀ ਉਤਸ਼ਾਹਤ ਕਰਨਗੇ। ਰਾਜਸੀ ਆਗੂ ਗਪੌੜ ਛੱਡ ਕੇ ਸਿੱਖਿਆ ਪ੍ਰਤੀ ਸੰਜੀਦਾ ਹੋਣਗੇ। ਪਰ ਇਹਨਾਂ ਅਜਿਹਾ ਕਰਨਾ ਨਹੀਂ ਕਿਉਂਕਿ ਇਹਨਾਂ ਨੂੰ ਤਾਂ ਅਨਪੜ੍ਹ ਤੇ ਗੰਵਾਰ ਬਣਾ ਕੇ ਲੋਕਾਂ ਤੇ ਨਸ਼ੇੜੀ ਨੌਜਵਾਨਾਂ ਦੀਆਂ ਵੋਟਾਂ ਚਾਹੀਦੀਆਂ ਹਨ। ਉਹਨਾਂ ਦੀ ਜ਼ਿੰਦਗੀ ਜਾਵੇ ਠੱਢੇ ਖੂਹ 'ਚ ਉਹਨਾਂ ਨੂੰ ਕੋਈ ਹਮਦਰਦੀ ਨਹੀਂ। ਸਾਡੇ ਦੇਸ਼ ਦੇ ਵਾਤਾਵਰਨ ਮੰਤਰੀ ਜੇ.ਪੀ. ਸੁਰੇਸ਼ ਅਮਰੀਕਾ ਵਿਚੱ ਬਾਨ ਦਿੰਦੇ ਹਨ ਕਿ ਜੇ ਭਾਰਤ ਦਾ ਸਾਰਾ ਵਿਗਿਆਨ ਸਮੁੰਦਰ ਵਿਚ ਸੁੱਟ ਦੇਈਏ ਜਾਂ ਅੱਗ ਲਾ ਦੇਈਏ ਤਾਂ ਦੁਨੀਆਂ ਨੂੰ ਕੋਈ ਫਰਕ ਨਹੀਂ ਪੈਣ ਲੱਗਾ। ਇਸ ਬਿਆਨ ਤੋਂ ਵਿਦਿਆ ਦੀ ਕਦਰ ਦਾ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀਂ ਦੁਨੀਆਂ 'ਚ ਕਿੱਥੇ ਖੜ੍ਹੇ ਹਾਂ। 'ਮਨ ਕੀ ਬਾਤ' ਵਾਲੇ ਮੋਦੀ ਦਾ ਬੋਲਣ ਦੇ ਅੰਦਾਜ਼ ਦਾ ਪੱਧਰ ਦੇਸ਼ ਦੇ ਮੁਖੀ ਵਾਲਾ ਨਹੀਂ ਸਗੋਂ ਇਕ ਮੈਂਬਰ ਪੰਚਾਇਤ ਵਰਗੇ ਪੱਧਰ ਦਾ ਹੈ। ਲੀਡਰਾਂ ਦੀਆਂ ਡਿਗਰੀਆਂ ਨੂੰ ਚੈਲੰਜ ਕੀਤਾ ਜਾ ਰਿਹਾ ਹੈ। ਸੋ ਵਿਦਿਆ ਦੀ ਕਦਰ ਕਰਨ ਲਈ ਉਸਾਰੂ ਤੇ ਲੋਕ ਪੱਖੀ ਸਾਹਿਤ ਸਮੇਂ ਦੀ ਅਹਿਮ ਜ਼ਰੂਰਤ ਹੈ। ਪੁਸਤਕਾਂ ਪ੍ਰਤੀ ਜੋ ਉਦਾਸੀਨਤਾ ਦੇ ਆਰਥਿਕ ਸਮਾਜਿਕ ਤੇ ਰਾਜਨੀਤਕ ਨੀਤੀਆਂ ਦੇ ਕਾਰਨ ਹਨ ਉਹਨਾਂ ਖਿਲਾਫ ਸੰਘਰਸ਼ ਕਰਕੇ ਹੀ ਸਾਹਿਤਕ ਦਾਇਰਾ ਮੋਕਲਾ ਕਰਕੇ ਪਾਠਕਾਂ ਦੀ ਗਿਣਤੀ ਵਧ ਸਕਦੀ ਹੈ। ਗਿਆਨ ਦੀ ਕਦਰ ਇਸ ਸੰਘਰਸ਼ 'ਚੋਂ ਹੀ ਪੈਦਾ ਹੋਵੇਗੀ। ਪਾਠਕ ਪੈਦਾ ਕਰਨ ਲਈ ਅੱਜ ਜਾਂ ਭਲਕ ਇਸ ਰਾਹ ਤੇ ਤੁਰਨਾ ਪਵੇਗਾ। ਏਹੀ ਸਮੇਂ ਦੀ ਮੰਗ ਹੈ।

- ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



